
ਜਮਾਤ -ਸੱਤਵੀਂ ਪਾਠ-2 ਮੋਤੀ

ਸਾਹਿਤ ਰੂਪ-ਕਹਾਣੀ ਲੇਖਕ- ਪ੍ਰਿੰਸੀਪਲ ਸੁਜਾਨ ਸਿੰਘ





**ਪ੍ਰਸ਼ਨ (ੳ) ਇਸ ਕਹਾਣੀ ਵਿਚਲੇ ਲੜਕੇ ਨੂੰ ਮੋਤੀ ਕਿੱਥੋਂ ਅਤੇ ਕਿਵੇਂ ਮਿਲਿਆ?**

ਉੱਤਰ- ਲੜਕਾ ਆਪਣੇ ਪਿਤਾ ਜੀ ਨਾ਼ਲ ਉਹਨਾਂ ਦੇ ਇੱਕ ਬੰਗਾਲੀ ਦੋਸਤ ਦੇ ਘਰ ਗਿਆ ਤੇ ਉੱਥੇ ਬਹੁਤ ਦੇਰ ਮੋਤੀ ਨਾਲ ਖੇਡਦਾ ਰਿਹਾ।ਮੁੜਦੇ ਸਮੇਂ ਉਹਨਾਂ ਨੇ ਮੋਤੀ ਨੂੰ ਨਾ਼ਲ ਹੀ ਤੋਰ ਦਿੱਤਾ।

**ਪਸ਼ਨ (ਅ) ਮੋਤੀ ਹੈਰਾਨ ਕਿਉਂ ਸੀ ?**

ਉੱਤਰ- ਮੋਤੀ ਕੁਝ ਦੇਰ ਹੀ ਲੇਖਕ ਨਾਲ ਖੇਡਿਆ ਸੀ ਤੇ ਉਸ ਦੇ ਮਾਲਕ ਨੇ ਮੋਤੀ ਨੂੰ ਉਸ ਨਾ਼ਲ ਹਮੇਸ਼ਾ ਲਈ ਤੋਰ ਦਿੱਤਾ।ਇਸ ਲਈ ਮੋਤੀ ਹੈਰਾਨ ਸੀ।

**ਪ੍ਰਸ਼ਨ (ੲ) ਮੋਤੀ ਕਾਰਨ ਲੜਕੇ ਨਾਲ ਸਕੂਲ ਵਿੱਚ ਕਿਹੜੀ ਘਟਨਾ ਵਾਪਰੀ?**

ਉੱਤਰ- ਇੱਕ ਦਿਨ ਮੋਤੀ ਲੇਖਕ ਦੇ ਪਿੱਛੇ ਸਕੂਲ ਪਹੁੰਚ ਗਿਆ।ਮਾਸਟਰ ਜੀ ਉਸ ਨੂੰ ਮਾਰਨ ਲਈ ਦੌੜੇ ਤਾਂ ਉਸ ਨੇ ਘੁਰਕੀ ਸੁਣਾਈ।ਮਾਸਟਰ ਜੀ ਨੇ ਲੇਖਕ ਨੂੰ ਉਸ ਨੂੰ ਘਰ ਛੱਡ ਕੇ ਆਉਣ ਲਈ ਕਿਹਾ ਤੇ ਚਪੇੜਾਂ ਵੀ ਲਗਾਈਆਂ।

**ਪ੍ਰਸ਼ਨ (ਸ) ਮੋਤੀ ਵਿੱਚ ਕਿਹੜੇ-ਕਿਹੜੇ ਗੁਣ ਸਨ?**

ਉੱਤਰ-ਮੋਤੀ ਵਿੱਚ ਬੜੇ ਗੁਣ ਸਨ। ਘਰ ਦੀ ਰਾਖੀ ਕਰਦਾ ਸੀ, ਦੂਰ ਸੁੱਟੀ ਚੀਜ਼ ਚੁੱਕ ਲਿਆਉਂਦਾ ਸੀ, "ਸਿੱਟ-ਡਾਊਨ" ਕਿਹਾਂ ਅਗਲੇ ਦੋਵੇਂ ਪੰਜੇ ਚੁੱਕ ਕੇ ਕੰਗਾਰੂ ਵਾਂਗ ਬੈਠ ਜਾਂਦਾ ਸੀ।



**ਪ੍ਰਸ਼ਨ(ਹ)ਲੜਕੇ ਨੂੰ ਮੇਮ ਵੱਲੋਂ ਕਿਹੜੀਆਂ ਚੀਜ਼ਾਂ ਦੇ ਗੱਫੇ ਮਿਲਦੇ ਸਨ ਤੇ ਕਿਉਂ?**

ਉੱਤਰ-ਲੜਕੇ ਨੂੰ ਮੇਮ ਵੱਲੋਂ ਆਂਡੇ,ਦੁੱਧ,ਕੇਕ,ਬਿਸਕੁਟ,ਚਾਕਲੇਟ ਤੇ ਸੈਂਡਵਿਚਾਂ ਦੇ ਗੱਫੇ ਮਿਲਦੇ ਸਨ ਕਿਉਂਕਿ ਮੇਮ ਲੜਕੇ ਨੂੰ ਖੁਸ਼ ਕਰਕੇ ਉਸ ਤੋਂ ਮੋਤੀ ਲੈਣਾ ਚਾਹੁੰਦੀ ਸੀ।

**ਪ੍ਰਸ਼ਨ (ਕ) ਮੇਮ ਦੀਆਂ ਕਿਆਰੀਆਂ ਵਿੱਚ ਕਿਹੜੇ-ਕਿਹੜੇ ਫੁੱਲ ਖਿੜੇ ਹੋਏ ਸਨ?**

ਉੱਤਰ-ਮੇਮ ਦੀਆਂ ਕਿਆਰੀਆਂ ਵਿੱਚ ਗੁਲਾਬ, ਟਿਊਲਪ ਤੇ ਟਮਾਟਰਾਂ ਦੇ ਫੁੱਲ ਖਿੜੇ ਹੋਏ ਸਨ।

**ਪ੍ਰਸ਼ਨ (ਖ) ਦੱਸੋ ਮੋਤੀ ਦਾ ਸੁਭਾਅ ਕਿਹੋ ਜਿਹਾ ਸੀ?**

ਉੱਤਰ-ਮੋਤੀ ਬਹੁਤ ਹੀ ਪਿਆਰਾ ਅਤੇ ਵਫ਼ਾਦਾਰ ਸੀ।ਉਹ ਲੇਖਕ ਅਤੇ ਉਸ ਦੇ ਪਰਿਵਾਰ ਨੂੰ ਬਹੁਤ ਪਿਆਰ ਕਰਦਾ ਸੀ।ਉਹਨਾਂ ਦੇ ਮਕਾਨ ਵੇਚ ਕੇ ਜਾਣ ਮਗਰੋਂ ਵੀ ਉਹ ਮਕਾਨ ਅੱਗੇ ਬੈਠਾ ਰਹਿੰਦਾ ਸੀ।

**ਪ੍ਰਸਨ 2. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।**

**ਪ੍ਰਸ਼ਨ 3. ਕਿਸ ਨੇ ਕਿਸ ਨੂੰ ਕਿਹਾ:**

ਇਸ ਪ੍ਰਸ਼ਨ ਦਾ ਉੱਤਰ ਵਿਦਿਆਰਥੀ ਪਾਠ ਪੜ੍ਹ ਕੇ ਆਪ ਦੇਣਗੇ।

ਤਿਆਰ ਕਰਤਾ:-

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700